# ਦਫਤਰ ਨਗਰ ਨਿਗਮ ਹੁਸ਼ਿਆਰਪੁਰ
# ਪ੍ਰੈਸ ਨੋਟ

## ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਨੇ ਸਫਾਈ ਸੇਵਕ ਨੂੰ ਤਰਸ ਦੇ ਅਧਾਰ ਤੇ ਨਿਯੁਕਤੀ ਪੱਤਰ ਦਿੱਤਾ

ਹੁਸ਼ਿਆਰਪੁਰ 24 ਜੂਨ ਨਗਰ ਨਿਗਮ ਹੁਸ਼ਿਆਰਪੁਰ ਦੇ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਨੇ ਆਪਣੇ ਦਫ਼ਤਰ ਵਿਖੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਪਿਲ ਨੂੰ ਤਰਸ ਦੇ ਅਧਾਰ ਤੇ ਨਗਰ ਨਿਗਮ ਵਿਚ ਬਤੌਰ ਸਫਾਈ ਸੇਵਕ ਨਿਯੁਕਤੀ ਪੱਤਰ ਦਿੰਦਿਆਂ ਦੱਸਿਆ ਕਿ ਨਗਰ ਨਿਗਮ ਵਿਚ ਸੇਵਾ ਦੌਰਾਨ ਮੌਤ ਹੋਣ ਵਾਲੇ ਕਰਮਚਾਰੀ ਵਿਜੇ ਕੁਮਾਰ ਪੁੱਤਰ ਸ਼੍ਰੀ ਗਿਆਨ ਚੰਦ ਦੇ ਵਾਰਸ ਕਪਿਲ ਨੇ ਨਗਰ ਨਿਗਮ ਦੇ ਦਫ਼ਤਰ ਵਿਚ ਤਰਸ ਦੇ ਅਧਾਰ ਤੇ ਨੌਕਰੀ ਦੇਣ ਲਈ ਮੰਗ ਕੀਤੀ ਸੀ।ਉਹਨਾਂ ਦੀ ਮੰਗ ਨੂੰ ਪੂਰਾ ਕਰਦੇ ਹੋਏ ਕਪਿਲ ਨੂੰ ਨਗਰ ਨਿਗਮ ਵਿਚ ਬਤੌਰ ਸਫਾਈ ਸੇਵਕ ਨਿਯੁਕਤੀ ਪੱਤਰ ਦਿੱਤਾ ਗਿਆ ਹੈ। ਉਹਨਾਂ ਦੱਸਿਆ ਕਿ ਨਗਰ ਨਿਗਮ ਵਲੋਂ ਦਫ਼ਤਰ ਦੇ ਕਰਮਚਾਰੀਆਂ ਦੀ ਭਲਾਈ ਦੇ ਕੰਮਾ ਵੱਲ ਵਿਸ਼ੇਸ਼ ਧਿਆਨ ਦਿੱਤਾ ਰਿਹਾ ਹੈ।

ਨਗਰ ਨਿਗਮ ਦੇ ਕਾਰਜ ਸਾਧਕ ਅਫ਼ਸਰ, ਰਮੇਸ਼ ਕੁਮਾਰ ਇਸੰਪਕੈਟਰ ,ਜਨਕ ਰਾਜ, ਕੋਂਸਲਰ ਰੂਪ ਲਾਲ ਥਾਪਰ ਅਤੇ ਕੋਂਸਲਰ ਬਲਵਿੰਦਰ ਬਿੰਦੀ ਵੀ ਇਸ ਮੌਕੇ ਤੇ ਹਾਜ਼ਰ ਸਨ।